NHS
Test and Trace

**ਟੈਸਟ ਸ਼ੁਰੂ ਕਰਨ ਤੋਂ ਪਹਿਲਾਂ ਇਸ ਪੂਰੀ ਗਾਈਡ ਨੂੰ ਧਿਆਨ ਨਾਲ ਪੜ੍ਹੋ।**
**ਇਹ ਟੈਸਟ ਉਸ ਨਾਲੋਂ ਵੱਖਰਾ ਹੋ ਸਕਦਾ ਹੈ ਜਿਸ ਨੂੰ ਤੁਸੀਂ ਪਹਿਲਾਂ ਵਰਤਿਆ ਹੈ।**

# MP Biomedicals ਰੈਪਿਡ SARS-CoV-2 ਐਂਟੀਜੇਨ ਟੈਸਟ ਕਾਰਡ ਲਈ ਤੁਹਾਡੀ ਕਦਮ-ਦਰ-ਕਦਮ ਗਾਈਡ

Withdrawn January 2024




ਵਰਤੋਂ ਲਈ ਇਹ ਨਿਰਦੇਸ਼ ਸਿਰਫ MP Biomedicals ਰੈਪਿਡ SARS-CoV-2 ਐਂਟੀਜੇਨ ਟੈਸਟ ਕਾਰਡ, 07AG6007BS ਨਾਲ ਸਬੰਧਤ ਹਨ।

ਇਹ ਗਾਈਡ ਸਮਝਾਉਂਦੀ ਹੈ ਕਿ ਆਪਣਾ ਖੁਦ ਦਾ ਜਾਂ ਕਿਸੇ ਹੋਰ ਵਿਅਕਤੀ ਦਾ COVID-19 ਲਈ ਟੈਸਟ ਕਿਵੇਂ ਕਰਨਾ ਹੈ, ਅਤੇ NHS ਨੂੰ ਨਤੀਜਿਆਂ ਬਾਰੇ ਕਿਵੇਂ ਦੱਸਣਾ ਹੈ।

**ਵਿਕਲਪਿਕ ਭਾਸ਼ਾ ਦੇ** ਸੰਸਕਰਣ, ਵੈਲਸ਼ ਸਮੇਤ, ਅਤੇ ਵੀਡੀਓ ਪ੍ਰਦਰਸ਼ਨ ਇਸ ਵੈੱਬਸਾਈਟ 'ਤੇ ਉਪਲਬਧ ਹਨ - **gov.uk/covid19-self-test-help**

**ਆਪਣੇ ਸਾਰੇ ਟੈਸਟ ਨਤੀਜਿਆਂ ਦੀ NHS ਨੂੰ ਰਿਪੋਰਟ ਕਰੋ**

# ਤੁਹਾਨੂੰ ਕੀ ਕਰਨ ਦੀ ਲੋੜ ਹੈ

## ਤੁਹਾਡੀ ਕਦਮ-ਦਰ-ਕਦਮ ਗਾਈਡ

15 ਮਿੰਟ ਸੈਟ-ਅੱਪ

ਕਿਰਪਾ ਕਰਕੇ ਵਰਤੋਂ ਲਈ ਨਿਰਦੇਸ਼ਾਂ ਦਾ ਧਿਆਨ ਨਾਲ ਪਾਲਣ ਕਰੋ ਅਤੇ ਸਹੀ ਕ੍ਰਮ ਵਿੱਚ ਕਦਮਾਂ ਦੀ ਪਾਲਣਾ ਕਰੋ। ਹਰੇਕ ਟੈਸਟ ਨੂੰ ਤਿਆਰ ਕਰਨ ਵਿੱਚ ਲਗਭਗ 15 ਮਿੰਟ ਲੱਗਦੇ ਹਨ ਅਤੇ ਨਤੀਜੇ ਹੋਰ 15 ਮਿੰਟਾਂ ਬਾਅਦ ਤਿਆਰ ਹੋ ਜਾਣਗੇ।

### ਇਸ ਪੁਸਤਿਕਾ ਦੀ ਸਮਗਰੀ


| ਭਾਗ | ਸਿਰਲੇਖ | ਪੰਨਾ |
|---|---|---|
| 1 | ਆਪਣੇ ਟੈਸਟ ਦੇ ਖੇਤਰ ਨੂੰ ਤਿਆਰ ਕਰੋ | 6 |
| | ਆਪਣੀ ਟੈਸਟ ਕਿੱਟ ਦੀ ਸਮੱਗਰੀ ਦੀ ਜਾਂਚ ਕਰੋ | 7 |
| 2 | ਆਪਣੇ ਟੈਸਟ ਨੂੰ ਸੈੱਟਅਪ ਕਰੋ | 8 |
| 3 | ਆਪਣਾ ਸਵੈਬ ਨਮੂਨਾ ਲਵੋ | 10 |
| | ਕਿਸੇ ਹੋਰ ਦੀ ਸਹਾਇਤਾ ਕਰਨਾ | 11 |
| 4 | ਸਵੈਬ ਨਮੂਨੇ 'ਤੇ ਪ੍ਰਕਿਰਿਆ ਕਰੋ | 12 |
| 5 | ਆਪਣੇ ਨਤੀਜੇ ਨੂੰ ਪੜ੍ਹੋ | 14 |
| 6 | ਆਪਣੇ ਨਤੀਜੇ ਦੀ ਰਿਪੋਰਟ ਕਰੋ | 15 |
| 7 | ਤੁਹਾਡੇ ਨਤੀਜਿਆਂ ਦਾ ਕੀ ਮਤਲਬ ਹੈ | 16 |
| 8 | ਟੈਸਟ ਦਾ ਪ੍ਰਦਰਸ਼ਨ | 17 |
| 9 | ਆਪਣੀ ਟੈਸਟ ਕਿੱਟ ਦਾ ਸੁਰੱਖਿਅਤ ਢੰਗ ਨਾਲ ਨਿਪਟਾਰਾ ਕਰੋ | 17 |
| | ਆਪਣੇ ਟੈਸਟ ਦੇ ਨਤੀਜਿਆਂ ਦਾ ਇੱਕ ਨੋਟ ਬਣਾਓ | 18 |


## COVID-19 ਦੀ ਲਾਗ ਵਾਲੇ 3 ਵਿੱਚੋਂ 1 ਵਿਅਕਤੀ ਨੂੰ ਇਹ ਨਹੀਂ ਪਤਾ ਹੁੰਦਾ ਹੈ ਕਿ ਉਸ ਨੂੰ ਇਹ ਲਾਗ ਹੈ.

ਨਿਯਮਿਤ ਸਵੈ-ਟੈਸਟ ਨਾਲ ਅਸੀਂ ਫੈਲਾਅ ਨੂੰ ਹੌਲੀ ਕਰ ਸਕਦੇ ਹਾਂ ਅਤੇ ਆਪਣੇ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਸਭ ਤੋਂ ਕਮਜ਼ੋਰ ਵਿਅਕਤੀਆਂ ਦੀ ਰੱਖਿਆ ਕਰਨ ਵਿੱਚ ਸਹਾਇਤਾ ਕਰ ਸਕਦੇ ਹਾਂ।



## ਟੈਸਟ ਕਰਨ ਬਾਰੇ ਸਲਾਹ

ਤੁਹਾਡੀ ਮਦਦ ਕਰਨ ਲਈ, ਗਾਈਡ ਦੇ ਨਾਲ-ਨਾਲ ਲਾਭਦਾਇਕ ਸੁਝਾਅ, ਸਲਾਹ ਅਤੇ ਚੇਤਾਵਨੀ ਖ਼ਾਨੇ ਦਿੱਤੇ ਗਏ ਹਨ। ਇਹਨਾਂ ਨਿਰਦੇਸ਼ਾਂ ਦੀ ਧਿਆਨ ਨਾਲ ਕਦਮ-ਦਰ-ਕਦਮ ਪਾਲਣਾ ਕਰ ਕੇ, ਤੁਹਾਨੂੰ ਇੱਕ ਭਰੋਸੇਮੰਦ ਨਤੀਜਾ ਪ੍ਰਾਪਤ ਕਰਨ ਦੀ ਬਹੁਤ ਵਧੀਆ ਸੰਭਾਵਨਾ ਹੋਵੇਗੀ।

### ਆਮ ਸੇਧ ਅਤੇ ਚੇਤਾਵਨੀਆਂ

- ਜੇ ਤੁਹਾਡਾ ਨੱਕ ਵਿੰਨ੍ਹਿਆ ਹੋਇਆ ਹੈ ਤਾਂ ਸਵੈਬ ਲੈਣ ਤੋਂ ਪਹਿਲਾਂ ਨਾਸ ਦੀ ਚੀਜ਼ ਉਤਾਰ ਦਿਓ।
- ਜੇ ਸਵੈਬ ਲੈਣ ਦੇ ਦੌਰਾਨ ਨੱਕ ਵਿੱਚੋਂ ਖੂਨ ਵਗਦਾ ਹੈ, ਤਾਂ ਕਿਰਪਾ ਕਰਕੇ ਸਵੈਬ ਲੈਣਾ ਬੰਦ ਕਰ ਦਿਓ। ਸਵੈਬ ਦੀ ਜਾਂਚ ਨਹੀਂ ਕੀਤੀ ਜਾ ਸਕਦੀ।
- ਉਤਪਾਦ ਨੂੰ ਕੁਦਰਤੀ ਰਬੜ ਲੇਟੈਕਸ ਨਾਲ ਨਹੀਂ ਬਣਾਇਆ ਗਿਆ ਹੈ। ਪਰ ਅੰਤਮ-ਵਰਤੋਂਕਾਰ ਨੂੰ ਦਿੱਤੇ ਜਾਣ ਵਾਲੇ ਉਤਪਾਦ ਵਿੱਚ ਕੁਦਰਤੀ ਰਬੜ ਲੇਟੈਕਸ ਦੀ ਮੌਜੂਦਗੀ ਜਾਂ ਬਹੁਤ ਥੋੜ੍ਹੀ ਮਾਤਰਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ।
- ਟੈਸਟ ਕਿੱਟ ਨੂੰ ਨੌਜਵਾਨ ਬੱਚਿਆਂ ਤੋਂ ਦੂਰ ਰੱਖੋ।
- ਸਵੈਬ ਦੇ ਨਮੂਨੇ ਲੈਣ ਦੇ ਕਦਮਾਂ ਦੀ ਬਹੁਤ ਸਾਵਧਾਨੀ ਨਾਲ ਪਾਲਣਾ ਕਰੋ ਅਤੇ ਹਮੇਸ਼ਾਂ ਇਸ ਕਿੱਟ ਦੇ ਨਾਲ ਪ੍ਰਦਾਨ ਕੀਤੇ ਗਏ ਸਵੈਬਾਂ ਦੀ ਵਰਤੋਂ ਕਰੋ। ਨਮੂਨੇ ਨੂੰ ਸਹੀ ਢੰਗ ਨਾਲ ਇਕੱਠਾ ਕਰਨ ਵਿੱਚ ਅਸਫਲਤਾ ਨਾਲ ਟੈਸਟ ਦਾ ਗਲਤ ਨਤੀਜਾ ਮਿਲ ਸਕਦਾ ਹੈ।
- ਕਮਜ਼ੋਰ ਨਜ਼ਰ ਵਾਲੇ ਲੋਕਾਂ ਸਮੇਤ ਜਿਨ੍ਹਾਂ ਵਿਅਕਤੀਆਂ ਨੂੰ ਵਾਧੂ ਸਹਾਇਤਾ ਦੀ ਲੋੜ ਹੈ, ਉਨ੍ਹਾਂ ਦੀ ਕਿਸੇ ਹੋਰ ਬਾਲਗ ਦੁਆਰਾ ਸਹਾਇਤਾ ਕੀਤੀ ਜਾ ਸਕਦੀ ਹੈ। ਟੈਸਟ ਕਰਦੇ ਸਮੇਂ ਪੰਨਾ 11 'ਤੇ ਦਿੱਤੀ ਵਧੀਕ ਜਾਣਕਾਰੀ 'ਤੇ ਵਿਸ਼ੇਸ਼ ਧਿਆਨ ਦਿਓ।

**ਚਿਤਾਵਨੀ**

ਉਤਪਾਦ ਦੀ ਵਰਤੋਂ ਮਿਆਦ ਪੁੱਗਣ ਦੀ ਤਾਰੀਖ ਤੋਂ ਬਾਅਦ ਨਾ ਕਰੋ।

**ਸਲਾਹ**

- ਟੈਸਟ ਕਿੱਟ ਨੂੰ ਠੰਢੀ ਸੁੱਕੀ ਜਗ੍ਹਾ (4°C ਤੋਂ 30°C) ਵਿੱਚ ਸਟੋਰ ਕਰੋ।
- ਸਿੱਧੀ ਧੁੱਪ ਵਿੱਚ ਨਾ ਛੱਡੋ ਅਤੇ ਕਿਸੇ ਫਰਿੱਜ ਜਾਂ ਫ੍ਰੀਜ਼ਰ ਵਿੱਚ ਸਟੋਰ ਨਾ ਕਰੋ ਕਿਉਂਕਿ ਇਸ ਨਾਲ ਟੈਸਟ ਦੇ ਨਤੀਜੇ ਗਲਤ ਹੋ ਸਕਦੇ ਹਨ।
- ਜੇ ਸੀਲਬੰਦ ਰੈਪਰ ਖਰਾਬ ਹੋ ਗਿਆ ਹੈ ਜਾਂ ਸੀਲ ਟੁੱਟ ਗਈ ਹੈ ਤਾਂ ਟੈਸਟ ਕਾਰਡ ਦੀ ਵਰਤੋਂ ਨਾ ਕਰੋ।
- ਕਿੱਟ ਨੂੰ ਕਮਰੇ ਦੇ ਤਾਪਮਾਨ (15°C ਤੋਂ 30°C) 'ਤੇ ਵਰਤਿਆ ਜਾਣਾ ਚਾਹੀਦਾ ਹੈ। ਜੇ ਕਿੱਟ 15°C ਤੋਂ ਘੱਟ ਦੇ ਖੇਤਰ ਵਿੱਚ ਸਟੋਰ ਕੀਤੀ ਗਈ ਹੈ, ਤਾਂ ਵਰਤਣ ਤੋਂ ਪਹਿਲਾਂ ਇਸ ਨੂੰ 30 ਮਿੰਟ ਲਈ ਕਮਰੇ ਦੇ ਆਮ ਤਾਪਮਾਨ 'ਤੇ ਛੱਡ ਦਿਓ।


Withdrawn January 2024

# ਇਸ ਟੈਸਟ ਬਾਰੇ

## ਤੁਹਾਨੂੰ ਸਵੈ-ਟੈਸਟ ਕਿਉਂ ਕਰਨਾ ਚਾਹੀਦਾ ਹੈ

ਇਹ COVID-19 ਸਵੈ-ਟੈਸਟ ਕਿੱਟ ਇਹ ਟੈਸਟ ਕਰਨ ਲਈ ਕਿ ਕੀ ਤੁਹਾਨੂੰ ਲਾਗ ਹੈ, ਇੱਕ ਨੱਕ ਦਾ ਸਵੈਬ ਟੈਸਟ ਹੈ। ਇਹ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਲੱਛਣ ਹਨ ਅਤੇ ਨਾਲ ਹੀ ਉਨ੍ਹਾਂ ਲਈ ਜਿਨ੍ਹਾਂ ਨੂੰ ਲੱਛਣ ਨਹੀਂ ਹਨ। ਹਾਲਾਂਕਿ ਤੁਹਾਨੂੰ ਇਹ ਪਤਾ ਕਰਨ ਲਈ ਕਿ ਤੁਹਾਡੇ ਲਈ ਕਿਸ ਕਿਸਮ ਦਾ ਟੈਸਟ ਸਹੀ ਹੈ, ਰਾਸ਼ਟਰੀ ਸੇਧਾਂ ਦਾ ਪਾਲਣ ਕਰਨਾ ਚਾਹੀਦਾ ਹੈ।

### ਜੇ ਤੁਹਾਡਾ COVID-19 ਲਈ ਨਤੀਜਾ ਪਾਜ਼ਿਟਿਵ ਆਉਂਦਾ ਹੈ ਤਾਂ ਤੁਹਾਨੂੰ ਇਹ ਕਰਨਾ ਚਾਹੀਦਾ ਹੈ:

- ਬਿਮਾਰੀ ਨੂੰ ਫੈਲਣ ਨੂੰ ਸੀਮਿਤ ਕਰਨ ਵਿੱਚ ਮਦਦ ਕਰ ਸਕਦੇ ਹੋ, ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸਰਕਾਰੀ ਸੇਧਾਂ ਦੀ ਪਾਲਣਾ ਕਰਨੀ ਚਾਹੀਦੀ ਹੈ: **nhs.uk/conditions/coronavirus-covid-19/self-isolation-and-treatment/**
- ਤੁਹਾਡੇ ਲੱਛਣ ਸ਼ੁਰੂ ਹੋਣ ਜਾਂ ਕੋਈ ਲੱਛਣ ਮੌਜੂਦ ਨਹੀਂ ਹਨ ਤਾਂ ਜਿਸ ਦਿਨ ਟੈਸਟ ਦਾ ਪਾਜ਼ਿਟਿਵ ਨਤੀਜਾ ਦਿਖਾਇਆ ਜਾਂਦਾ ਹੈ, ਉਸ ਦਿਨ ਤੋਂ ਪਹਿਲਾਂ 48 ਘੰਟਿਆਂ ਦੇ ਅੰਦਰ ਤੁਸੀਂ ਜਿਨ੍ਹਾਂ ਲੋਕਾਂ ਦੇ ਨਜ਼ਦੀਕੀ ਸੰਪਰਕ ਵਿੱਚ ਆਏ ਹੋ ਅਤੇ ਜਿਨ੍ਹਾਂ ਥਾਵਾਂ 'ਤੇ ਗਏ ਹੋ, ਤਾਂ ਸੰਭਾਵੀ COVID-19 ਦੀ ਲਾਗ ਲਈ ਟੈਸਟ ਕਰਵਾਉਣ ਲਈ ਉਹਨਾਂ ਬਾਰੇ ਦੱਸੋ। ਹਮੇਸ਼ਾਂ ਸਥਾਨਕ ਅਤੇ ਰਾਸ਼ਟਰੀ ਸੇਧਾਂ ਦੀ ਪਾਲਣਾ ਕਰੋ।

### ਜੇ ਤੁਹਾਡਾ COVID-19 ਲਈ ਨਤੀਜਾ ਨੈਗੇਟਿਵ ਆਉਂਦਾ ਹੈ

ਇਹ ਸੰਭਾਵਨਾ ਹੈ ਕਿ ਟੈਸਟ ਦੇ ਸਮੇਂ ਤੁਹਾਡੇ ਅੰਦਰ ਕੋਈ ਲਾਗ ਨਹੀਂ ਸੀ। ਪਰ ਟੈਸਟ ਦਾ ਨੈਗੇਟਿਵ ਨਤੀਜਾ ਇਸ ਗੱਲ ਦੀ ਗਰੰਟੀ ਨਹੀਂ ਹੈ ਕਿ ਤੁਹਾਨੂੰ ਕੋਰੋਨਾਵਾਇਰਸ ਨਹੀਂ ਹੈ। ਤੁਹਾਨੂੰ ਸਰਕਾਰੀ ਸੇਧਾਂ ਦੀ ਪਾਲਣਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

**ਸਲਾਹ**

ਜੇ ਤੁਹਾਨੂੰ ਜਾਂ ਤੁਹਾਡੇ ਬੱਚੇ/ਬੱਚਿਆਂ ਨੂੰ ਕੋਰੋਨਾਵਾਇਰਸ (COVID-19) ਦੇ ਲੱਛਣ ਹਨ ਜਾਂ ਕੋਰੋਨਾਵਾਇਰਸ (COVID-19) ਹੋ ਗਿਆ ਹੈ, ਤਾਂ ਕਿਰਪਾ ਕਰਕੇ ਆਨਲਾਈਨ NHS ਦੀ ਸੇਧ ਦੇਖੋ: **nhs.uk/conditions/coronavirus-COVID-19**

ਜੇ ਤੁਹਾਨੂੰ ਜਾਂ ਤੁਹਾਡੇ ਬੱਚੇ/ਬੱਚਿਆਂ ਨੂੰ ਕੋਰੋਨਾਵਾਇਰਸ (COVID-19) ਦੇ ਲੱਛਣ ਹਨ ਅਤੇ ਸਥਿਤੀ ਵਿਗੜ ਜਾਂਦੀ ਹੈ, ਜਾਂ ਤੁਸੀਂ/ਤੁਹਾਡਾ ਬੱਚਾ/ਬੱਚੇ 7 ਦਿਨਾਂ ਬਾਅਦ ਠੀਕ ਨਹੀਂ ਹੁੰਦੇ ਹੋ, ਤਾਂ NHS **111** ਆਨਲਾਈਨ ਸੇਵਾ: **111.nhs.uk** 'ਤੇ ਜਾਓ। ਜੇ ਤੁਹਾਡੇ ਕੋਲ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ, ਤਾਂ NHS **111** 'ਤੇ ਕਾਲ ਕਰੋ। ਡਾਕਟਰੀ ਐਮਰਜੈਂਸੀ ਲਈ **999** ਡਾਇਲ ਕਰੋ।

**ਜੇ ਤੁਸੀਂ ਚਿੰਤਤ ਹੋ ਤਾਂ ਸਹਾਇਤਾ ਪ੍ਰਾਪਤ ਕਰਨ ਵਿੱਚ ਦੇਰੀ ਨਾ ਕਰੋ। ਆਪਣੀ ਸਮਝ 'ਤੇ ਭਰੋਸਾ ਕਰੋ।**



## ਇਹ ਟੈਸਟ ਕਿਸਦੇ ਲਈ ਉਚਿਤ ਹੈ

### 14 ਸਾਲ ਤੋਂ ਛੋਟੇ ਬੱਚੇ

ਇੱਕ ਬਾਲਗ ਦੁਆਰਾ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ। ਜੇ ਤੁਸੀਂ ਕਿਸੇ ਬੱਚੇ ਦੀ ਸਹਾਇਤਾ ਕਰਨ ਲਈ ਆਤਮ-ਵਿਸ਼ਵਾਸੀ ਮਹਿਸੂਸ ਨਹੀਂ ਕਰਦੇ ਹੋ ਤਾਂ ਟੈਸਟ ਨਾ ਕਰੋ। (ਬੱਚਿਆਂ ਦੀ ਸਹਾਇਤਾ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਪੰਨਾ 11 ਵੇਖੋ)

### 14 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀ

14-17 ਸਾਲ ਦੀ ਉਮਰ ਦੇ ਕਿਸ਼ੋਰ, ਬਾਲਗ ਨਿਗਰਾਨੀ ਦੇ ਨਾਲ ਸਵੈ-ਜਾਂਚ ਕਰ ਸਕਦੇ ਹਨ। ਜੇ ਲੋੜ ਹੋਵੇ ਤਾਂ ਸਹਾਇਤਾ ਦੇ ਨਾਲ, ਬਾਕੀ ਸਾਰੇ ਸਵੈ-ਟੈਸਟ ਕਰੋ ਅਤੇ ਰਿਪੋਰਟ ਕਰੋ।

### ਕਿੰਨੀ ਵਾਰ ਟੈਸਟ ਕਰਨਾ ਹੈ

ਤੁਹਾਨੂੰ ਕਿੰਨੀ ਕੁ ਵਾਰ ਟੈਸਟ ਕਰਨਾ ਚਾਹੀਦਾ ਹੈ ਇਹ ਤੁਹਾਡੇ ਹਾਲਾਤ ਅਤੇ ਮੌਜੂਦਾ ਕੌਮੀ ਜਾਂ ਸਥਾਨਕ ਦਿਸ਼ਾ ਨਿਰਦੇਸ਼ਾਂ 'ਤੇ ਨਿਰਭਰ ਕਰਦੇ ਹੋਏ ਵੱਖ-ਵੱਖ ਹੋ ਸਕਦਾ ਹੈ।

### ਵਾਧੂ ਸਹਾਇਤਾ ਕਿੱਥੋਂ ਮਿਲੇਗੀ

ਸਵੈ-ਟੈਸਟ ਬਾਰੇ ਹੋਰ ਜਾਣਕਾਰੀ ਇਸ ਵੈੱਬਸਾਈਟ 'ਤੇ ਲਵੋ: **gov.uk/covid19-self-test-help**

Withdrawn January 2024

# 1. ਆਪਣੇ ਟੈਸਟ ਦੇ ਖੇਤਰ ਨੂੰ ਤਿਆਰ ਕਰੋ

**ਤੁਹਾਨੂੰ ਇਹਨਾਂ ਚੀਜ਼ਾਂ ਦੀ ਲੋੜ ਹੋਵੇਗੀ:** ਇੱਕ ਟਾਈਮਰ ਜਿਵੇਂ ਕਿ ਹੱਥ ਘੜੀ ਜਾਂ ਮੇਜ਼ ਘੜੀ, ਟਿਸ਼ੂ, ਸਤ੍ਹਾ ਕਲੀਨਰ, ਹੈਂਡ ਸੈਨੀਟਾਈਜ਼ਰ ਜਾਂ ਸਾਬਣ ਅਤੇ ਕੋਸੇ ਪਾਣੀ ਤੱਕ ਪਹੁੰਚ।



1. ਵਰਤੋਂ ਲਈ ਇਸ ਨਿਰਦੇਸ਼ ਦਸਤਾਵੇਜ਼ ਨੂੰ ਧਿਆਨ ਨਾਲ ਪੜ੍ਹੋ।
ਜੇ ਤੁਹਾਨੂੰ ਹੋਰ ਮਦਦ ਦੀ ਲੋੜ ਹੈ ਤਾਂ ਤੁਸੀਂ ਸਵੈਬ ਟੈਸਟ ਵੀਡੀਓ ਵੀ ਆਨਲਾਈਨ ਦੇਖ ਸਕਦੇ ਹੋ:
**gov.uk/guidance/covid-19-self-test-help**



2. ਟੈਸਟ ਸ਼ੁਰੂ ਕਰਨ ਤੋਂ ਤੁਰੰਤ ਪਹਿਲਾਂ, ਟੈਸਟ ਕਿੱਟ ਰੱਖਣ ਲਈ ਇੱਕ ਸਮਤਲ ਸਤ੍ਹਾ ਨੂੰ ਖਾਲੀ ਅਤੇ ਸਾਫ਼ ਕਰੋ ਅਤੇ ਸੁਕਾਓ।






3. ਸਾਬਣ ਅਤੇ ਕੋਸੇ ਪਾਣੀ, ਜਾਂ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰਦੇ ਹੋਏ ਆਪਣੇ ਹੱਥਾਂ ਨੂੰ 20 ਸਕਿੰਟ ਲਈ ਚੰਗੀ ਤਰ੍ਹਾਂ ਧੋਵੋ।
ਜੇ ਤੁਸੀਂ ਇੱਕ ਤੋਂ ਵੱਧ ਵਿਅਕਤੀਆਂ ਦੀ ਜਾਂਚ ਕਰ ਰਹੇ ਹੋ ਜਾਂ ਇੱਕ ਨਾ-ਮੰਨਣਯੋਗ ਟੈਸਟ ਨੂੰ ਦੁਹਰਾ ਰਹੇ ਹੋ, ਤਾਂ ਹਰੇਕ ਟੈਸਟ ਦੇ ਵਿਚਕਾਰ ਆਪਣੇ ਹੱਥ ਮੁੜ ਧੋਵੋ।



# ਕਿੱਟ ਸਮੱਗਰੀ ਦੀ ਜਾਂਚ ਕਰੋ

4. ਆਪਣੇ ਟੈਸਟ ਬਾਕਸ ਵਿੱਚ ਤੁਹਾਡੇ ਕੋਲ ਹੇਠਾਂ ਦਿੱਤੀ ਸਾਰੀ ਸਮਗਰੀ ਹੋਣੀ ਚਾਹੀਦੀ ਹੈ। ਇਹ ਯਕੀਨੀ ਕਰੋ ਕਿ ਕੁਝ ਵੀ ਨੁਕਸਾਨਿਆ ਜਾਂ ਟੁੱਟਿਆ ਹੋਇਆ ਨਹੀਂ ਹੈ।




ਟਿਊਬ ਸਟੈਂਡ




ਸੀਲਬੰਦ ਰੈਪਰ ਵਿੱਚ ਟੈਸਟ ਕਾਰਡ



ਐਕਸਟ੍ਰੈਕਸ਼ਨ ਬਫਰ ਬੋਤਲ




ਸੀਲਬੰਦ ਰੈਪਰ ਵਿੱਚ ਰੋਗਾਣੂ-ਮੁਕਤ ਕੀਤਾ ਸਵੈਬ



ਐਕਸਟ੍ਰੈਕਸ਼ਨ ਟਿਊਬ

**ਸਲਾਹ**

**ਜੇ ਕੁਝ ਨੁਕਸਾਨਿਆ, ਟੁੱਟਿਆ ਜਾਂ ਗਾਇਬ ਹੈ ਤਾਂ ਕੀ ਕਰਨਾ ਹੈ**
ਜੇ ਤੁਸੀਂ ਕੁਝ ਵੀ ਨੁਕਸਾਨਿਆ, ਟੁੱਟਿਆ ਜਾਂ ਗਾਇਬ ਦੇਖਦੇ ਹੋ, ਤਾਂ ਕਿਰਪਾ ਕਰਕੇ ਟੈਸਟ ਕਿੱਟ ਵਰਤੋਂ ਨਾ ਕਰੋ। ਤੁਸੀਂ ਗਾਹਕ ਸੰਪਰਕ ਕੇਂਦਰ ਨੂੰ ਕਾਲ ਕਰਕੇ ਫੀਡਬੈਕ ਦੇ ਸਕਦੇ ਹੋ।
ਲਾਈਨਾਂ ਹਰ ਰੋਜ਼ ਸਵੇਰੇ 7 ਵਜੇ ਤੋਂ ਰਾਤ 11 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ।

ਕਾਲ ਕਰੋ: **119** (ਮੋਬਾਈਲਾਂ ਅਤੇ ਲੈਂਡਲਾਈਨਾਂ ਤੋਂ ਮੁਫ਼ਤ)।
ਅਸੀਂ 200 ਭਾਸ਼ਾਵਾਂ ਅਤੇ ਨਾਲ ਹੀ ਬ੍ਰਿਟਿਸ਼ ਸਾਈਨ ਭਾਸ਼ਾ ਵਿੱਚ ਸਹਾਇਤਾ ਪੇਸ਼ ਕਰਦੇ ਹਾਂ।

ਜੇ ਤੁਹਾਨੂੰ ਕਿਸੇ ਡਿਵਾਈਸ ਤੋਂ ਨੁਕਸਾਨ ਪਹੁੰਚਦਾ ਹੈ ਤਾਂ ਰਿਪੋਰਟ ਕਰਨ ਨਾਲ ਦੂਜਿਆਂ ਦੀ ਮਦਦ ਹੋ ਸਕਦੀ ਹੈ, ਕਿਰਪਾ ਕਰਕੇ ਇੱਥੇ ਜਾਓ: **coronavirus-yellowcard.mhra.gov.uk**

Withdrawn January 2024

# 2. ਆਪਣੇ ਟੈਸਟ ਨੂੰ ਸੈੱਟਅਪ ਕਰੋ

Withdrawn January 2024



**5** ਐਕਸਟ੍ਰੈਕਸ਼ਨ ਟਿਊਬ ਨੂੰ ਟਿਊਬ ਸਟੈਂਡ ਵਿੱਚ ਰੱਖੋ ਤਾਂ ਜੋ ਤਰਲ ਨੂੰ ਡੁੱਲ੍ਹਣ ਤੋਂ ਬਚਾਇਆ ਜਾ ਸਕੇ।




**6** ਐਕਸਟ੍ਰੈਕਸ਼ਨ ਬਫਰ ਬੋਤਲ ਦੇ ਢੱਕਣ ਨੂੰ ਘੁੰਮਾਓ।

**ਚੇਤਾਵਨੀ:** ਐਕਸਟ੍ਰੈਕਸ਼ਨ ਬਫਰ ਬੋਤਲ ਨੂੰ ਆਪਣੇ ਚਿਹਰੇ ਤੋਂ ਦੂਰ ਖੋਲ੍ਹੋ ਅਤੇ ਸਾਵਧਾਨ ਰਹੋ ਕਿ ਕੋਈ ਤਰਲ ਬਾਹਰ ਨਾ ਨਿਕਲੇ।




**7** ਐਕਸਟ੍ਰੈਕਸ਼ਨ ਬਫਰ ਬੋਤਲ ਵਿੱਚੋਂ ਸਾਰਾ ਬਫ਼ਰ ਘੋਲ ਐਕਸਟ੍ਰੈਕਸ਼ਨ ਟਿਊਬ ਵਿੱਚ ਨਿਚੋੜ ਦਿਓ।

**ਚੇਤਾਵਨੀ:** ਟਿਊਬ ਦੇ ਨਾਲ ਬੋਤਲ ਨੂੰ ਛੂਹਣ ਤੋਂ ਬਚੋ।



**8** ਨਰਮੀ ਨਾਲ ਇੱਕ ਟਿਸ਼ੂ ਵਿੱਚ ਆਪਣਾ ਨੱਕ ਸੁਣਕੋ ਅਤੇ ਟਿਸ਼ੂ ਨੂੰ ਕਿਸੇ ਬੰਦ ਕੂੜੇਦਾਨ ਵਿੱਚ ਸੁੱਟ ਦਿਓ।

ਜੇ ਤੁਸੀਂ ਕਿਸੇ ਬੱਚੇ ਦਾ ਟੈਸਟ ਕਰ ਰਹੇ ਹੋ ਤਾਂ ਨੱਕ ਸੁਣਕਣ ਵਿੱਚ ਉਸਦੀ ਮਦਦ ਕਰੋ। ਇਹ ਇਸ ਲਈ ਹੈ ਤਾਂ ਜੋ ਤੁਸੀਂ ਫਾਲਤੂ ਬਲਗਮ ਨੂੰ ਬਾਹਰ ਕੱਢ ਦਿਓ।






**9** ਸਾਬਣ ਅਤੇ ਕੋਸੇ ਪਾਣੀ ਦੀ ਵਰਤੋਂ ਕਰਦੇ ਹੋਏ ਆਪਣੇ ਹੱਥਾਂ ਨੂੰ ਫਿਰ 20 ਸਕਿੰਟ ਲਈ ਚੰਗੀ ਤਰ੍ਹਾਂ ਧੋਵੋ।




**10** ਸੀਲਬੰਦ ਰੈਪਰ ਵਿੱਚ ਸਵੈਬ ਲੱਭੋ। ਸਵੈਬ ਦੇ ਨਰਮ, ਕੱਪੜੇ ਵਾਲੇ ਸਿਰੇ ਦੀ ਪਛਾਣ ਕਰੋ।




**11** ਸਵੈਬ ਰੈਪਰ ਨੂੰ ਛਿੱਲ ਕੇ ਖੋਲ੍ਹੋ ਅਤੇ ਧਿਆਨ ਨਾਲ ਸਵੈਬ ਨੂੰ ਬਾਹਰ ਕੱਢੋ।

**ਚਿਤਾਵਨੀ**

ਸਵੈਬ ਦੇ ਨਰਮ, ਕੱਪੜੇ ਵਾਲੇ ਸਿਰੇ ਨੂੰ ਆਪਣੇ ਹੱਥਾਂ ਨਾਲ ਨਾ ਛੂਹੋ।

# 3. ਆਪਣਾ ਸਵੈਬ ਨਮੂਨਾ ਲਵੋ

**ਚਿਤਾਵਨੀ**

ਟੈਸਟ ਸਿਰਫ ਨੱਕ ਤੋਂ ਇੱਕ ਸਵੈਬ ਨਮੂਨੇ ਦੀ ਵਰਤੋਂ ਕਰਕੇ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਸਵੈਬ ਨਿਰਦੇਸ਼ਾਂ ਦੀ ਸਾਵਧਾਨੀ ਨਾਲ ਪਾਲਣਾ ਨਹੀਂ ਕਰਦੇ, ਤਾਂ ਇਸ ਨਾਲ ਟੈਸਟ ਦੇ ਨਤੀਜੇ ਗਲਤ ਹੋ ਸਕਦੇ ਹਨ।

**ਜੇ 14 ਸਾਲ ਤੋਂ ਘੱਟ ਉਮਰ ਦੇ ਬੱਚੇ ਦੀ ਸਹਾਇਤਾ ਕਰ ਰਹੇ ਹੋ, ਜਾਂ ਕਿਸੇ ਹੋਰ ਵਿਅਕਤੀ ਦੀ ਜਿਸ ਨੂੰ ਸਹਾਇਤਾ ਦੀ ਲੋੜ ਹੈ, ਤਾਂ ਪੰਨਾ 11 'ਤੇ ਦਿੱਤੇ ਕਦਮਾਂ ਦੀ ਪਾਲਣਾ ਕਰੋ।**




**12** ਧਿਆਨ ਨਾਲ ਸਵੈਬ ਨੂੰ ਇੱਕ ਨਾਸ ਵਿੱਚ ਪਾਓ। ਸਵੈਬ ਟਿਪ ਨਾਸ ਦੇ ਕਿਨਾਰੇ ਤੋਂ 2.5 ਸੈਂਟੀਮੀਟਰ ਤੋਂ ਘੱਟ ਨਹੀਂ ਪਾਈ ਜਾਣੀ ਚਾਹੀਦੀ।




**13** ਸਵੈਬ ਨੂੰ 3-4 ਵਾਰ ਗੋਲਾਕਾਰ ਚੱਕਰ ਲਗਾਉਂਦੇ ਹੋਏ ਆਪਣੀ ਨਾਸ ਦੇ ਅੰਦਰਲੇ ਹਿੱਸੇ ਵਿੱਚ ਨਰਮੀ ਨਾਲ ਘੁਮਾਓ।
ਹੌਲੀ-ਹੌਲੀ ਇਸਨੂੰ ਹਟਾ ਦਿਓ। ਕੋਈ ਜ਼ੋਰ ਲਗਾਉਣ ਦੀ ਲੋੜ ਨਹੀਂ ਹੈ ਅਤੇ ਤੁਹਾਨੂੰ ਆਪਣੀ ਨਾਸ ਵਿੱਚ ਅੰਦਰ ਤਕ ਧੱਕਣ ਦੀ ਲੋੜ ਨਹੀਂ ਹੈ।

**ਚੇਤਾਵਨੀ:** ਇਹ ਬੇਅਰਾਮੀ ਭਰਿਆ ਮਹਿਸੂਸ ਹੋ ਸਕਦਾ ਹੈ। ਜੇ ਤੁਹਾਨੂੰ ਤਿੱਖਾ ਪ੍ਰਤੀਰੋਧ ਜਾਂ ਦਰਦ ਮਹਿਸੂਸ ਹੁੰਦਾ ਹੈ ਤਾਂ ਸਵੈਬ ਨੂੰ ਹੋਰ ਡੂੰਘਾ ਨਾ ਪਾਓ।

**ਉਹੀ ਸਵੈਬ ਦੀ ਵਰਤੋਂ ਕਰਦੇ ਹੋਏ, ਦੂਜੀ ਨਾਸ ਲਈ ਕਦਮ 12 ਅਤੇ 13 ਦੁਹਰਾਉ।**



# ਕਿਸੇ ਹੋਰ ਦੀ ਸਹਾਇਤਾ ਕਰਨਾ

14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸਹਾਇਤਾ ਇੱਕ ਬਾਲਗ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਕਿਸੇ ਬੱਚੇ ਜਾਂ ਕਿਸੇ ਵਿਅਕਤੀ ਜਿਸਨੂੰ ਸਹਾਇਤਾ ਦੀ ਲੋੜ ਹੈ, ਨੂੰ ਕਿਵੇਂ ਤਿਆਰ ਕਰਨਾ ਹੈ ਅਤੇ ਕਿਵੇਂ ਮਦਦ ਕਰਨੀ ਹੈ ਇਸ ਬਾਰੇ ਹੇਠਾਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰੋ। ਤੁਸੀਂ ਇਸ 'ਤੇ ਡੈਮੋ ਵੀਡੀਓ ਦੇਖ ਸਕਦੇ ਹੋ:
**gov.uk/guidance/covid-19-self-test-help**

ਜੇ ਤੁਸੀਂ ਕਿਸੇ ਬੱਚੇ ਦੀ ਸਹਾਇਤਾ ਕਰ ਰਹੇ ਹੋ, ਤਾਂ ਉਸ ਨੂੰ ਟੈਸਟ ਕਿੱਟ ਦਿਖਾਓ ਅਤੇ ਉਸ ਨਾਲ ਗੱਲ ਕਰੋ ਕਿ ਤੁਸੀਂ ਕੀ ਕਰਨ ਜਾ ਰਹੇ ਹੋ। ਬੱਚੇ ਨੂੰ ਆਪਣੀ ਨੱਕ ਟਿਸ਼ੂ ਵਿੱਚ ਸੁਣਕਣ ਲਈ ਕਹੋ। ਟਿਸ਼ੂ ਨੂੰ ਇਕ ਬੰਦ ਕੂੜੇਦਾਨ ਵਿੱਚ ਰੱਖ ਦਿਓ।



**12** ਧਿਆਨ ਨਾਲ ਸਵੈਬ ਨੂੰ ਉਨ੍ਹਾਂ ਦੇ ਇੱਕ ਨਾਸ ਵਿੱਚ ਪਾਓ। ਸਵੈਬ ਟਿਪ ਉਦੋਂ ਤਕ ਪਾਈ ਜਾਣੀ ਚਾਹੀਦੀ ਹੈ ਜਦੋਂ ਤੱਕ ਪ੍ਰਤੀਰੋਧ ਮਹਿਸੂਸ ਨਹੀਂ ਹੁੰਦਾ।




**13** ਸਵੈਬ ਨੂੰ 3-4 ਵਾਰ ਗੋਲਾਕਾਰ ਚੱਕਰ ਲਗਾਉਂਦੇ ਹੋਏ ਉਨ੍ਹਾਂ ਦੀ ਨਾਸ ਦੇ ਅੰਦਰਲੇ ਹਿੱਸੇ ਵਿੱਚ ਨਰਮੀ ਨਾਲ ਘੁਮਾਓ।
ਹੌਲੀ-ਹੌਲੀ ਇਸਨੂੰ ਹਟਾ ਦਿਓ। ਕੋਈ ਜ਼ੋਰ ਲਗਾਉਣ ਦੀ ਲੋੜ ਨਹੀਂ ਹੈ ਅਤੇ ਤੁਹਾਨੂੰ ਉਨ੍ਹਾਂ ਦੀ ਨਾਸ ਵਿੱਚ ਅੰਦਰ ਤਕ ਧੱਕਣ ਦੀ ਲੋੜ ਨਹੀਂ ਹੈ।

**ਚੇਤਾਵਨੀ:** ਇਹ ਬੇਅਰਾਮੀ ਭਰਿਆ ਮਹਿਸੂਸ ਹੋ ਸਕਦਾ ਹੈ। ਜੇ ਉਨ੍ਹਾਂ ਨੂੰ ਤਿੱਖਾ ਪ੍ਰਤੀਰੋਧ ਜਾਂ ਦਰਦ ਮਹਿਸੂਸ ਹੁੰਦਾ ਹੈ ਤਾਂ ਸਵੈਬ ਨੂੰ ਹੋਰ ਡੂੰਘਾ ਨਾ ਪਾਓ।

**ਉਹੀ ਸਵੈਬ ਦੀ ਵਰਤੋਂ ਕਰਦੇ ਹੋਏ, ਦੂਜੀ ਨਾਸ ਲਈ ਕਦਮ 12 ਅਤੇ 13 ਦੁਹਰਾਉ।**

Withdrawn January 2024

# 4. ਸਵੈਬ ਨਮੂਨੇ 'ਤੇ ਪ੍ਰਕਿਰਿਆ ਕਰੋ

**ਸੁਝਾਅ**

ਵਧੀਆ ਪ੍ਰਦਰਸ਼ਨ ਲਈ, ਆਪਣੀਆਂ ਨਾਸਾਂ ਤੋਂ ਸਵੈਬ ਲੈਣ ਤੋਂ ਬਾਅਦ ਜਿੰਨੀ ਜਲਦੀ ਸੰਭਵ ਹੋ ਸਕੇ ਨੱਕ ਦੇ ਸਵੈਬ ਦਾ ਟੈਸਟ ਕਰੋ।




**14** ਐਕਸਟ੍ਰੈਕਸ਼ਨ ਟਿਊਬ ਨੂੰ ਚੁੱਕੋ, ਅਤੇ ਸਵੈਬ ਨੂੰ ਨਮੂਨੇ ਦੇ ਨਾਲ ਐਕਸਟ੍ਰੈਕਸ਼ਨ ਟਿਊਬ ਵਿੱਚ ਰੱਖੋ। ਸਵੈਬ ਨੂੰ 3-5 ਵਾਰ ਘੁਮਾਓ। ਸਵੈਬ ਨੂੰ ਐਕਸਟ੍ਰੈਕਸ਼ਨ ਘੋਲ ਵਿੱਚ 1 ਮਿੰਟ ਲਈ ਛੱਡ ਦਿਓ।



**15** ਟਿਊਬ ਵਿੱਚ ਜਿੰਨਾ ਸੰਭਵ ਹੋ ਸਕੇ ਵੱਧ ਤੋਂ ਵੱਧ ਘੋਲ ਛੱਡਣ ਲਈ ਸਵੈਬ ਨੂੰ ਹਟਾਉਂਦੇ ਹੋਏ ਐਕਸਟ੍ਰੈਕਸ਼ਨ ਟਿਊਬ ਨੂੰ ਉਂਗਲਾਂ ਦੀ ਚੂੰਡੀ ਨਾਲ ਦਬਾ ਕੇ ਨਿਚੋੜ ਦਿਓ। ਸਵੈਬ ਨੂੰ ਵਾਪਸ ਸਵੈਬ ਰੈਪਰ ਵਿੱਚ ਰੱਖ ਦਿਓ।



**16** ਡ੍ਰੌਪਰ ਦੇ ਢੱਕਣ ਨੂੰ ਐਕਸਟ੍ਰੈਕਸ਼ਨ ਟਿਊਬ ਦੇ ਸਿਖਰ 'ਤੇ ਕੱਸ ਕੇ ਫਿੱਟ ਕਰ ਦਿਓ।

**ਸਲਾਹ**

ਇਸ ਕਦਮ ਨੂੰ ਪੂਰਾ ਕਰਨ ਤੋਂ ਬਾਅਦ ਆਪਣੇ ਹੱਥਾਂ ਨੂੰ ਦੁਬਾਰਾ ਧੋਵੋ।





**17** ਫੋਇਲ ਪਾਉਚ ਖੋਲ੍ਹੋ ਅਤੇ ਟੈਸਟ ਕਾਰਡ ਬਾਹਰ ਕੱਢੋ।

**ਚਿਤਾਵਨੀ**

ਇੱਕ ਵਾਰ ਖੋਲ੍ਹਣ ਤੋਂ ਬਾਅਦ, ਟੈਸਟ ਕਾਰਡ ਨੂੰ ਤੁਰੰਤ ਵਰਤਿਆ ਜਾਣਾ ਚਾਹੀਦਾ ਹੈ।



**18** ਇਹ ਪੱਕਾ ਕਰੋ ਕਿ ਟੈਸਟ ਕਾਰਡ ਸਾਫ਼, ਸਮਤਲ ਅਤੇ ਪੱਧਰੀ ਸਤਹ 'ਤੇ ਹੈ।

ਟੈਸਟ ਦੇ ਦੌਰਾਨ ਕਾਰਡ ਨੂੰ ਹਿਲਾਓ ਨਾ।




**19** ਐਕਸਟ੍ਰੈਕਸ਼ਨ ਟਿਊਬ ਨੂੰ ਨਰਮੀ ਨਾਲ ਦਬਾ ਕੇ ਟੈਸਟ ਨਮੂਨੇ ਦੀਆਂ 3 ਬੂੰਦਾਂ ਟੈਸਟ ਕਾਰਡ 'ਤੇ ਖੂੰਡ (S ਨਾਲ ਲੇਬਲ ਕੀਤੀ) ਵਿੱਚ ਪਾਓ।

**ਚੇਤਾਵਨੀ:** ਇਹ ਯਕੀਨੀ ਕਰੋ ਕਿ ਤੁਸੀਂ ਤਰਲ ਪਦਾਰਥ ਛੱਡ ਰਹੇ ਹੋ ਅਤੇ ਖੂੰਡ ਵਿੱਚ ਹਵਾ ਦੇ ਬੁਲਬਲੇ ਨਹੀਂ ਹਨ।




**20** ਟਾਈਮਰ ਸੈੱਟ ਕਰੋ ਅਤੇ ਆਪਣੇ ਨਤੀਜੇ ਨੂੰ ਪੜ੍ਹਨ ਤੋਂ ਪਹਿਲਾਂ 15 ਮਿੰਟ ਉਡੀਕ ਕਰੋ। ਪਾਜ਼ਿਟਿਵ ਨਤੀਜਾ ਕਿਸੇ ਵੀ ਸਮੇਂ ਪ੍ਰਗਟ ਹੋ ਸਕਦਾ ਹੈ, ਹਾਲਾਂਕਿ ਤੁਹਾਨੂੰ ਨੈਗੇਟਿਵ ਨਤੀਜਾ ਰਿਕਾਰਡ ਕਰਨ ਲਈ ਪੂਰੇ 15 ਮਿੰਟ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ ਕਿਉਂਕਿ ਟੈਸਟ ਲਾਈਨ (T) ਦੇ ਆਉਣ ਵਿੱਚ ਇੰਨਾ ਸਮਾਂ ਲੱਗ ਸਕਦਾ ਹੈ।

ਅਗਲੇ ਪੰਨੇ 'ਤੇ ਦੇਖੋ ਕਿ ਆਪਣੇ ਨਤੀਜੇ ਨੂੰ ਕਿਵੇਂ ਪੜ੍ਹਨਾ ਅਤੇ ਰਿਪੋਰਟ ਕਰਨਾ ਹੈ। >>

Withdrawn January 2024


ਇਹ ਹਦਾਇਤ ਪੁਸਤਿਕਾ ਸਿਰਫ MP Biomedicals ਰੈਪਿਡ SARS-CoV-2 ਐਂਟੀਜੇਨ ਟੈਸਟ ਕਾਰਡ, ਉਤਪਾਦ ਕੋਡ: 07AG6007BS ਦਾ ਹਵਾਲਾ ਦਿੰਦੀ ਹੈ।
ਆਪਣੇ ਸਾਰੇ ਟੈਸਟ ਨਤੀਜਿਆਂ ਦੀ NHS ਨੂੰ ਰਿਪੋਰਟ ਕਰੋ

# 5. ਆਪਣੇ ਨਤੀਜੇ ਨੂੰ ਪੜ੍ਹੋ

**ਮਹੱਤਵਪੂਰਨ**

ਟੈਸਟ ਨੂੰ 20 ਮਿੰਟ ਤੋਂ ਵੱਧ ਸਮੇਂ ਲਈ ਵਿਕਸਿਤ ਹੋਣ ਲਈ ਨਾ ਛੱਡੋ ਕਿਉਂਕਿ ਇਸ ਨਾਲ ਨਤੀਜਾ ਨਾ-ਮੰਨਣਯੋਗ ਬਣ ਜਾਵੇਗਾ।







## ਪਾਜ਼ਿਟਿਵ ਨਤੀਜਾ

ਦੋ ਲਾਈਨਾਂ ਪ੍ਰਗਟ ਹੁੰਦੀਆਂ ਹਨ। ਇੱਕ ਰੰਗੀਨ ਲਾਈਨ ਕੰਟਰੋਲ ਲਾਈਨ ਖੇਤਰ (C) ਵਿੱਚ ਹੋਣੀ ਚਾਹੀਦੀ ਹੈ, ਅਤੇ ਇੱਕ ਹੋਰ ਰੰਗੀਨ ਲਾਈਨ ਟੈਸਟ ਲਾਈਨ ਖੇਤਰ (T) ਵਿੱਚ ਹੋਣੀ ਚਾਹੀਦੀ ਹੈ। ਦੋ ਲਾਈਨਾਂ, ਇੱਕ C ਦੇ ਅੱਗੇ ਅਤੇ ਇੱਕ T ਦੇ ਅੱਗੇ, ਇੱਥੋਂ ਤਕ ਕਿ ਫਿੱਕੀਆਂ ਲਾਈਨਾਂ, ਦਿਖਾਉਂਦੀਆਂ ਹਨ ਕਿ ਇਹ ਟੈਸਟ ਪਾਜ਼ਿਟਿਵ ਹੈ।

**ਮਹੱਤਵਪੂਰਨ**

ਜੇ ਤੁਹਾਡਾ ਟੈਸਟ ਦਾ ਨਤੀਜਾ ਪਾਜ਼ਿਟਿਵ ਆਉਂਦਾ ਹੈ ਤਾਂ ਤੁਹਾਨੂੰ ਖੁਦ ਨੂੰ ਅਲੱਗ ਰੱਖਣਾ ਚਾਹੀਦਾ ਹੈ ਅਤੇ ਤੁਹਾਡੇ ਪਰਿਵਾਰ ਨੂੰ ਖੁਦ ਨੂੰ ਅਲੱਗ ਰੱਖਣ ਬਾਰੇ ਸਰਕਾਰੀ ਸੇਧਾਂ ਦੀ ਪਾਲਣਾ ਕਰਨੀ ਚਾਹੀਦੀ ਹੈ: **nhs.uk/conditions/coronavirus-covid-19/self-isolation-and-treatment/**




## ਨੈਗੇਟਿਵ ਨਤੀਜਾ

ਕੰਟਰੋਲ ਲਾਈਨ ਖੇਤਰ (C) ਵਿੱਚ ਇੱਕ ਰੰਗੀਨ ਲਾਈਨ ਦਿਖਾਈ ਦਿੰਦੀ ਹੈ। ਟੈਸਟ ਲਾਈਨ ਖੇਤਰ (T) ਵਿੱਚ ਕੋਈ ਲਾਈਨ ਦਿਖਾਈ ਨਹੀਂ ਦਿੰਦੀ।




## ਨਾ-ਮੰਨਣਯੋਗ ਨਤੀਜਾ

ਕੰਟਰੋਲ ਲਾਈਨ (C) ਪ੍ਰਗਟ ਨਹੀਂ ਹੁੰਦੀ।



# 6. ਆਪਣੇ ਨਤੀਜੇ ਦੀ ਰਿਪੋਰਟ ਕਰੋ

## ਤੁਹਾਨੂੰ ਆਪਣੇ ਪਾਜ਼ਿਟਿਵ, ਨੈਗੇਟਿਵ ਅਤੇ ਨਾ-ਮੰਨਣਯੋਗ ਨਤੀਜਿਆਂ ਦੀ NHS ਨੂੰ ਰਿਪੋਰਟ ਕਰਨੀ ਚਾਹੀਦੀ ਹੈ।


Withdrawn January 2024





ਸਾਰੇ ਟੈਸਟ ਦੇ ਨਤੀਜਿਆਂ ਨੂੰ ਰਿਕਾਰਡ ਕਰਨ ਨਾਲ ਵਿਗਿਆਨੀਆਂ ਨੂੰ ਵਾਇਰਸ ਦੇ ਨਵੇਂ ਪ੍ਰਕੋਪ ਦਾ ਪਤਾ ਲਗਾਉਣ ਅਤੇ ਪ੍ਰਤਿਕਿਰਿਆ ਕਰਨ ਦੇ ਤਰੀਕੇ ਬਾਰੇ ਸਲਾਹ ਦੇਣ ਵਿੱਚ ਮਦਦ ਮਿਲਦੀ ਹੈ। ਜੇ ਲੋਕ ਸਿਰਫ ਪਾਜ਼ਿਟਿਵ ਨਤੀਜੇ ਦੀ ਰਿਪੋਰਟ ਕਰਦੇ ਹਨ, ਤਾਂ ਮਾਮਲਿਆਂ ਦੇ ਪੱਧਰ ਉਸ ਨਾਲੋਂ ਉੱਚੇ ਦਿਖਾਈ ਦਿੰਦੇ ਹਨ ਜੋ ਉਹ ਅਸਲ ਵਿੱਚ ਹਨ।

ਇਸ ਲਈ ਜੇ ਤੁਹਾਡਾ ਨਤੀਜਾ ਨੈਗੇਟਿਵ ਜਾਂ ਵਿਅਰਥ ਹੈ, ਤੁਸੀਂ ਇਹ ਯਕੀਨੀ ਬਣਾਓਗੇ ਕਿ NHS ਦੀ ਜਾਣਕਾਰੀ ਸਹੀ ਰਹੇ।

ਆਪਣੇ ਨਤੀਜੇ ਦੀ ਰਿਪੋਰਟ ਕਰਨ ਲਈ ਤੁਹਾਨੂੰ QR ਕੋਡ, ਜਾਂ ਇਸਦੇ ਹੇਠਾਂ ਆਈਡੀ ਨੰਬਰ ਦੀ ਲੋੜ ਹੈ।



### ਆਨਲਾਈਨ ਰਿਪੋਰਟ ਕਰੋ (ਸਭ ਤੋਂ ਤੇਜ਼)

ਜੇ ਤੁਸੀਂ ਇੰਗਲੈਂਡ, ਵੇਲਜ਼ ਜਾਂ ਨੌਰਦਰਨ ਆਇਰਲੈਂਡ ਵਿੱਚ ਰਹਿੰਦੇ ਹੋ ਤਾਂ ਇਸ ਵੈੱਬਸਾਈਟ ਤੇ ਜਾਓ: **gov.uk/report-covid19-result**

ਜੇ ਤੁਸੀਂ ਸਕੌਟਲੈਂਡ ਵਿੱਚ ਰਹਿੰਦੇ ਹੋ ਤਾਂ ਇਸ ਵੈੱਬਸਾਈਟ 'ਤੇ ਜਾਓ: **covidtest.scot**



### ਜਾਂ ਟੈਲੀਫੋਨ ਰਾਹੀਂ ਰਿਪੋਰਟ ਕਰੋ

**119** 'ਤੇ ਕਾਲ ਕਰੋ

ਲਾਈਨਾਂ ਹਰ ਰੋਜ਼ ਸਵੇਰੇ 7 ਵਜੇ ਤੋਂ ਰਾਤ 11 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ (ਮੋਬਾਈਲਾਂ ਅਤੇ ਲੈਂਡਲਾਈਨਾਂ ਤੋਂ ਮੁਫ਼ਤ)।

# 7. ਤੁਹਾਡੇ ਨਤੀਜਿਆਂ ਦਾ ਕੀ ਮਤਲਬ ਹੈ

## ਤੁਹਾਡਾ ਟੈਸਟ ਸਿਰਫ ਉਦੋਂ ਹੀ ਪੂਰਾ ਹੁੰਦਾ ਹੈ ਜਦੋਂ ਤੁਸੀਂ ਆਪਣੇ ਨਤੀਜੇ ਬਾਰੇ ਰਿਪੋਰਟ ਕਰ ਦਿੰਦੇ ਹੋ

### ਪਾਜ਼ਿਟਿਵ ਨਤੀਜਾ

ਜੇ ਤੁਹਾਡਾ ਪਾਜ਼ਿਟਿਵ ਨਤੀਜਾ ਆਉਂਦਾ ਹੈ, ਤਾਂ ਇਹ ਸੰਭਾਵਨਾ ਹੈ ਕਿ ਇਸ ਸਮੇਂ ਤੁਹਾਨੂੰ COVID-19 ਹੈ ਅਤੇ ਤੁਹਾਡੇ ਦੁਆਰਾ ਇਸਨੂੰ ਦੂਜਿਆਂ ਤੱਕ ਫੈਲਾਉਣ ਦਾ ਜੋਖਮ ਹੈ। ਤੁਹਾਨੂੰ ਖੁਦ ਨੂੰ ਅਲੱਗ ਰੱਖਣਾ ਚਾਹੀਦਾ ਹੈ। ਜਦੋਂ ਤੁਸੀਂ ਆਪਣੇ ਨਤੀਜੇ ਦੀ ਰਿਪੋਰਟ ਕਰਦੇ ਹੋ, ਤਾਂ ਤੁਹਾਨੂੰ ਅਗਲੇ ਕਦਮਾਂ ਬਾਰੇ ਹੋਰ ਜਾਣਕਾਰੀ ਦਿੱਤੀ ਜਾਵੇਗੀ।

**ਚਿਤਾਵਨੀ**

ਤੁਹਾਨੂੰ, ਤੁਹਾਡੇ ਨਾਲ ਰਹਿਣ ਵਾਲੇ ਕਿਸੇ ਵੀ ਵਿਅਕਤੀ ਨੂੰ ਮੌਜੂਦਾ ਰਾਸ਼ਟਰੀ ਅਤੇ ਸਥਾਨਕ ਸੇਧ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹ ਸਾਡੀ ਇਸ ਵੈੱਬਸਾਈਟ 'ਤੇ ਮਿਲ ਸਕਦੀ ਹੈ: **nhs.uk/conditions/coronavirus-COVID-19/self-isolation-and-treatment/** ਜਾਂ **119** 'ਤੇ ਗਾਹਕ ਸੰਪਰਕ ਕੇਂਦਰ ਨੂੰ ਕਾਲ ਕਰਕੇ। ਲਾਈਨਾਂ ਹਰ ਰੋਜ਼ ਸਵੇਰੇ 7 ਤੋਂ ਰਾਤ 11 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ।

### ਨੈਗੇਟਿਵ ਨਤੀਜਾ

ਜੇ ਤੁਹਾਡਾ ਨੈਗੇਟਿਵ ਨਤੀਜਾ ਆਉਂਦਾ ਹੈ, ਤਾਂ ਇਹ ਸੰਭਾਵਨਾ ਹੈ ਕਿ ਟੈਸਟ ਦੇ ਸਮੇਂ ਤੁਹਾਡੇ ਅੰਦਰ ਕੋਈ ਲਾਗ ਨਹੀਂ ਸੀ। ਪਰ ਟੈਸਟ ਦਾ ਨੈਗੇਟਿਵ ਨਤੀਜਾ ਇਸ ਗੱਲ ਦੀ ਗਰੰਟੀ ਨਹੀਂ ਹੈ ਕਿ ਤੁਹਾਨੂੰ COVID-19 ਨਹੀਂ ਹੈ।

ਜੇ ਤੁਹਾਡੇ ਟੈਸਟ ਦਾ ਨੈਗੇਟਿਵ ਨਤੀਜਾ ਆਉਂਦਾ ਹੈ, ਤਾਂ ਤੁਹਾਨੂੰ ਰਾਸ਼ਟਰੀ ਅਤੇ ਸਥਾਨਕ ਨਿਯਮਾਂ ਅਤੇ ਸੇਧਾਂ ਦਾ ਪਾਲਣ ਕਰਨਾ ਜਾਰੀ ਰੱਖਣਾ ਚਾਹੀਦਾ ਹੈ ਜਿਸ ਵਿੱਚ ਜਿੱਥੇ ਜ਼ਰੂਰਤ ਹੈ ਨਿਯਮਿਤ ਤੌਰ 'ਤੇ ਹੱਥ ਧੋਣਾ, ਸਮਾਜਿਕ ਦੂਰੀ ਅਤੇ ਚਿਹਰੇ ਦੀਆਂ ਕਵਰਿੰਗਾਂ ਨੂੰ ਪਹਿਨਣਾ ਸ਼ਾਮਲ ਹੈ।

ਜੇ ਤੁਹਾਨੂੰ ਲੱਛਣ ਵਿਕਸਤ ਹੋ ਜਾਂਦੇ ਹਨ ਤਾਂ ਤੁਹਾਨੂੰ ਖੁਦ ਨੂੰ ਅਲੱਗ ਰੱਖਣਾ ਚਾਹੀਦਾ ਹੈ ਅਤੇ ਮੌਜੂਦਾ ਸਿਫਾਰਸ਼ ਕੀਤਾ ਟੈਸਟ ਇੱਥੇ ਕਰਵਾਉਣਾ ਚਾਹੀਦਾ ਹੈ: **gov.uk/get-coronavirus-test** ਜਾਂ **119** 'ਤੇ ਗਾਹਕ ਸੰਪਰਕ ਕੇਂਦਰ ਨੂੰ ਕਾਲ ਕਰਕੇ। ਲਾਈਨਾਂ ਹਰ ਰੋਜ਼ ਸਵੇਰੇ 7 ਵਜੇ ਤੋਂ 11 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ।

ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਰਾਸ਼ਟਰੀ ਸੇਧਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

### ਨਾ-ਮੰਨਣਯੋਗ ਨਤੀਜਾ

ਜੇ ਤੁਹਾਨੂੰ ਕੋਈ ਨਾ-ਮੰਨਣਯੋਗ ਨਤੀਜਾ ਮਿਲਦਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਕਿਹਾ ਜਾ ਸਕਦਾ ਕਿ ਜਦੋਂ ਟੈਸਟ ਕੀਤਾ ਗਿਆ ਸੀ ਤਾਂ ਤੁਹਾਨੂੰ ਵਾਇਰਸ ਸੀ। ਇਹ ਦੇਖਣ ਲਈ ਕਿ ਕੀ ਤੁਹਾਨੂੰ ਕੋਰੋਨਾਵਾਇਰਸ ਹੈ, ਜਲਦੀ ਤੋਂ ਜਲਦੀ ਇੱਕ ਹੋਰ ਟੈਸਟ ਲਓ। ਪਹਿਲੇ ਟੈਸਟ ਤੋਂ ਕਿਸੇ ਵੀ ਚੀਜ਼ ਦੀ ਮੁੜ ਵਰਤੋਂ ਨਾ ਕਰੋ, ਅਤੇ ਪੜਾਅ 1 ਤੋਂ ਟੈਸਟ ਪ੍ਰਕਿਰਿਆ ਸ਼ੁਰੂ ਕਰੋ।

### ਜੇ ਸਮੱਸਿਆ ਬਣੀ ਰਹਿੰਦੀ ਹੈ

ਜੇ ਸਮੱਸਿਆ ਬਣੀ ਰਹਿੰਦੀ ਹੈ ਤਾਂ ਤੁਰੰਤ ਟੈਸਟ ਕਿੱਟ ਨੂੰ ਵਰਤਣਾ ਬੰਦ ਕਰ ਦਿਓ।
ਜੇ ਤੁਹਾਡੇ ਕੋਲ ਕੋਈ ਹੋਰ ਟੈਸਟ ਉਪਲਬਧ ਨਹੀਂ ਹੈ, ਤਾਂ ਤੁਸੀਂ NHS COVID-19 ਐਪ ਰਾਹੀਂ ਜਾਂ **gov.uk/get-coronavirus-test** 'ਤੇ ਜਾ ਕੇ ਜਾਂ ਗਾਹਕ ਸੰਪਰਕ ਕੇਂਦਰ ਨੂੰ **119** 'ਤੇ ਕਾਲ ਕਰਕੇ ਇੱਕ ਵੱਖਰੀ ਕਿਸਮ ਦਾ ਟੈਸਟ ਕਰਵਾ ਸਕਦੇ ਹੋ। ਲਾਈਨਾਂ ਹਰ ਰੋਜ਼ ਸਵੇਰੇ 7 ਤੋਂ ਰਾਤ 11 ਵਜੇ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ।

## 8 ਟੈਸਟ ਦਾ ਪ੍ਰਦਰਸ਼ਨ

ਜੇ ਕਿਸੇ ਵਿਅਕਤੀ ਵਿੱਚ ਕੋਰੋਨਾਵਾਇਰਸ (COVID-19) ਦੇ ਉੱਚੇ ਪੱਧਰ ਹਨ ਤਾਂ ਟੈਸਟ ਦਾ ਪਾਜ਼ਿਟਿਵ ਨਤੀਜਾ ਆਉਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।
ਇਸਦਾ ਅਰਥ ਇਹ ਹੈ ਕਿ ਇਸ ਦੁਆਰਾ ਉਹਨਾਂ ਲੋਕਾਂ ਦਾ ਪਤਾ ਲੱਗਣ ਦੀ ਜ਼ਿਆਦਾ ਸੰਭਾਵਨਾ ਹੈ ਜਿਨ੍ਹਾਂ ਨੂੰ ਇਸ ਵੇਲੇ ਲਾਗ ਹੈ ਅਤੇ ਤੁਰੰਤ ਸਵੈ-ਇਕੱਲਤਾ ਵਿੱਚ ਜਾਣ ਦੀ ਲੋੜ ਹੈ।

## 9 ਆਪਣੀ ਟੈਸਟ ਕਿੱਟ ਦਾ ਸੁਰੱਖਿਅਤ ਢੰਗ ਨਾਲ ਨਿਪਟਾਰਾ ਕਰੋ

ਇਕ ਵਾਰ ਤੁਹਾਡਾ ਟੈਸਟ ਪੂਰਾ ਹੋ ਜਾਣ 'ਤੇ, ਟੈਸਟ ਕਿੱਟ ਦੀ ਸਾਰੀ ਵਰਤੀ ਗਈ ਸਮੱਗਰੀ ਨੂੰ ਆਪਣੇ ਘਰ ਦੇ ਆਮ ਕੂੜੇ ਵਿੱਚ ਪਾ ਦਿਓ।

ਨਿਪਟਾਰਾ ਕਰਨ ਦੇ ਬਾਅਦ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ।

Withdrawn January 2024


ਇਹ ਹਦਾਇਤ ਪੁਸਤਿਕਾ ਸਿਰਫ MP Biomedicals ਰੈਪਿਡ SARS-CoV-2 ਐਂਟੀਜੇਨ ਟੈਸਟ ਕਾਰਡ, ਉਤਪਾਦ ਕੋਡ: 07AG6007BS ਦਾ ਹਵਾਲਾ ਦਿੰਦੀ ਹੈ।
ਆਪਣੇ ਸਾਰੇ ਟੈਸਟ ਨਤੀਜਿਆਂ ਦੀ NHS ਨੂੰ ਰਿਪੋਰਟ ਕਰੋ

## ਆਪਣੇ ਟੈਸਟ ਦੇ ਨਤੀਜਿਆਂ ਦਾ ਇੱਕ ਨੋਟ ਬਣਾਓ

ਇਹ ਤੁਹਾਡੇ ਆਪਣੇ ਰਿਕਾਰਡ ਲਈ ਹੈ। ਤੁਹਾਨੂੰ ਹਾਲੇ ਵੀ ਆਪਣੇ ਨਤੀਜੇ ਦੀ NHS ਨੂੰ ਰਿਪੋਰਟ ਕਰਨੀ ਚਾਹੀਦੀ ਹੈ (ਜਾਣਕਾਰੀ ਲਈ ਪੰਨਾ 15 ਵੇਖੋ)।

ਇਸ ਵੈੱਬਸਾਈਟ 'ਤੇ ਜਾਓ: **gov.uk/report-covid19-result**

ਜੇ ਤੁਸੀਂ ਸਕੌਟਲੈਂਡ ਵਿੱਚ ਰਹਿੰਦੇ ਹੋ ਤਾਂ ਇਸ ਵੈੱਬਸਾਈਟ 'ਤੇ ਜਾਓ: **covidtest.scot**

| ਟੈਸਟ ਕਿੱਟ ਦਾ QR ਕੋਡ / ਆਈਡੀ ਨੰਬਰ | ਕਿਸ ਨੇ ਟੈਸਟ ਲਿਆ ਸੀ | ਮਿਤੀ | ਸਮਾਂ | ਟੈਸਟ ਦਾ ਨਤੀਜਾ |
|---|---|---|---|---|
| | | | | |
| | | | | |
| | | | | |
| | | | | |
| | | | | |
| | | | | |
| | | | | |

Withdrawn January 2024

## ਤੁਹਾਡੀ ਕਿੱਟ ਵਿੱਚ ਹੇਠ ਲਿਖੀਆਂ ਸਮੱਗਰੀਆਂ ਹਨ

| ਚੀਜ਼ਾਂ | 7-ਪੈਕ |
|---|---|
| ਸੀਲਬੰਦ ਰੈਪਰ ਵਿੱਚ ਟੈਸਟ ਕਾਰਡ | 7 |
| ਸੀਲਬੰਦ ਰੈਪਰ ਵਿੱਚ ਰੋਗਾਣੂ-ਮੁਕਤ ਕੀਤਾ ਸਵੈਬ | 7 |
| ਐਕਸਟ੍ਰੈਕਸ਼ਨ ਟਿਊਬ | 7 |
| ਐਕਸਟ੍ਰੈਕਸ਼ਨ ਬਫਰ ਬੋਤਲ | 7 |
| ਵਰਤੋਂ ਲਈ ਨਿਰਦੇਸ਼ (ਇਹ ਦਸਤਾਵੇਜ਼) | 1 |
| ਟਿਊਬ ਸਟੈਂਡ | 1 |



ਇਹ ਹਦਾਇਤ ਪੁਸਤਿਕਾ ਸਿਰਫ MP Biomedicals ਰੈਪਿਡ SARS-CoV-2 ਐਂਟੀਜੇਨ ਟੈਸਟ ਕਾਰਡ, ਉਤਪਾਦ ਕੋਡ: 07AG6007BS ਦਾ ਹਵਾਲਾ ਦਿੰਦੀ ਹੈ।

ਆਪਣੇ ਸਾਰੇ ਟੈਸਟ ਨਤੀਜਿਆਂ ਦੀ NHS ਨੂੰ ਰਿਪੋਰਟ ਕਰੋ 19

NHS
Test and Trace

ਇਸ ਡਿਵਾਈਸ ਦੀ ਸਪਲਾਈ ਸਿਰਫ NHS ਟੈਸਟ ਐਂਡ ਟ੍ਰੇਸ ਪ੍ਰੋਗਰਾਮ ਦੇ ਤਹਿਤ ਸਿਹਤ ਅਤੇ ਸਮਾਜਕ ਦੇਖਭਾਲ ਵਿਭਾਗ (DHSC) ਤੈਨਾਤੀ ਦੇ ਹਿੱਸੇ ਵਜੋਂ ਇਜਾਜ਼ਤ ਹੈ।

ਨਿਰਮਾਤਾ:
MP Biomedicals Germany GmbH
Thueringer Str. 15 37269
Eschwege, Germany (ਜਰਮਨੀ)

CE 0123

ਸਵੈਬ ਨਿਰਮਾਤਾ:
Jiangsu Hanheng Medical Technology Co.,Ltd. 16-B4,#1 North Qingyang Road, Tianning District, 213017, Changzhou, Jiangsu, China (ਚੀਨ)

CE 0197

EC REP Luxus Lebenswelt GmbH
Kochstr.1, 47877, Willich, Germany (ਜਰਮਨੀ)

ਸਵੈਬ ਨਿਰਮਾਤਾ:
Goodwood Medical Care Ltd. 1-2 Floor, 3-919 Yongzheng Street, Jinzhou District, Dalian, 116100 Liaoning, China (ਚੀਨ)

CE 0197

EC REP CMC Medical Devices & Drugs S.L.
C/ Horacio Lengo No18, CP 29006, Màlaga, Spain (ਸਪੇਨ)

## ਚਿੰਨ੍ਹਾਂ ਦੀ ਸੂਚੀ

| ਚਿੰਨ੍ਹ | ਅਰਥ | ਚਿੰਨ੍ਹ | ਅਰਥ | ਚਿੰਨ੍ਹ | ਅਰਥ | ਚਿੰਨ੍ਹ | ਅਰਥ |
|---|---|---|---|---|---|---|---|
| 4°C–30°C | 4 – 30° ਦੇ ਅੰਦਰ ਸਟੋਰ ਕਰੋ | STERILE EO | ਇਥਾਈਲੀਨ ਡਾਇਆਕਸਾਈਡ ਦੀ ਵਰਤੋਂ ਕਰਦੇ ਹੋਏ ਰੋਗਾਣੂ ਰਹਿਤ ਕੀਤਾ ਗਿਆ | | ਨਿਰਮਾਤਾ | Σ 7 | 7 ਟੈਸਟਾਂ ਲਈ ਲੋੜੀਂਦੀ ਸ਼ਾਮਲ ਹੈ |
| LOT | ਲੋਟ ਨੰਬਰ | | ਵਰਤਣ ਲਈ ਆਖਰੀ ਤਾਰੀਖ਼ | IVD | ਇਨਵੀਟਰੋ ਡਾਇਗਨੋਸਟਿਕ ਮੈਡੀਕਲ ਡਿਵਾਈਸ | | ਜੇ ਪੈਕੇਜ ਨੂੰ ਨੁਕਸਾਨ ਪਹੁੰਚਿਆ ਹੈ ਤਾਂ ਵਰਤੋਂ ਨਾ ਕਰੋ |
| | ਧੁੱਪ ਤੋਂ ਦੂਰ ਰੱਖੋ | | ਚੇਤਾਵਨੀ | | ਮੁੜ ਵਰਤੋਂ ਨਾ ਕਰੋ | | ਰੀਸਾਈਕਲ ਕੀਤੇ ਜਾਣ ਦੇ ਯੋਗ |
| | ਸੁੱਕਾ ਰੱਖੋ | i | ਵਰਤੋਂ ਲਈ ਹਿਦਾਇਤਾਂ ਦਾ ਹਵਾਲਾ ਲਵੋ | CE | ਯੂਰਪੀਅਨ ਅਨੁਕੂਲਤਾ | REF | ਕੈਟਾਲੌਗ ਨੰਬਰ |
| EC REP | ਅਧਿਕਾਰਤ ਪ੍ਰਤੀਨਿਧੀ | | | | | | |

ਇਸ ਦਸਤਾਵੇਜ਼ ਵਿਚਲੀ ਸਾਰੀ ਜਾਣਕਾਰੀ ਅਤੇ ਚਿੱਤਰ 24/09/21 ਨੂੰ ਸਹੀ ਹਨ। ਸੰਸਕਰਣ 0002

REF 07AG6007BS

ਇਹ ਹਦਾਇਤ ਪੁਸਤਿਕਾ ਸਿਰਫ MP Biomedicals ਰੈਪਿਡ SARS-CoV-2 ਐਂਟੀਜੇਨ ਟੈਸਟ ਕਾਰਡ, ਉਤਪਾਦ ਕੋਡ: 07AG6007BS ਦਾ ਹਵਾਲਾ ਦਿੰਦੀ ਹੈ।

**ਆਪਣੇ ਸਾਰੇ ਟੈਸਟ ਨਤੀਜਿਆਂ ਦੀ NHS ਨੂੰ ਰਿਪੋਰਟ ਕਰੋ**

Withdrawn January 2024